
**ਜਮਾਤ –ਛੇਵੀਂ** | **ਪਾਠ–3 ਮਹਾਤਮਾ ਗਾਂਧੀ**

**ਸਾਹਿਤ ਰੂਪ–ਲੇਖ** | **ਲੇਖਿਕਾ– ਸ਼੍ਰੀਮਤੀ ਨਿਤਾਸ਼ਾ ਕੋਹਲੀ**



**ਪ੍ਰਸ਼ਨ (ੳ) ਮਹਾਤਮਾ ਗਾਂਧੀ ਜੀ ਦਾ ਪੂਰਾ ਨਾਂ ਕੀ ਹੈ ?**

ਉੱਤਰ– ਮਹਾਤਮਾ ਗਾਂਧੀ ਜੀ ਦਾ ਪੂਰਾ ਨਾਂ ਮੋਹਨ ਦਾਸ ਕਰਮਚੰਦ ਗਾਂਧੀ ਹੈ।

**ਪ੍ਰਸ਼ਨ (ਅ) ਮਹਾਤਮਾ ਗਾਂਧੀ ਜੀ ਨੇ ਕਿਹੜਾ ਮਾਰਗ ਚੁਣਿਆ ?**

ਉੱਤਰ– ਮਹਾਤਮਾਂ ਗਾਂਧੀ ਜੀ ਨੇ ਸਚਾਈ ਤੇ ਅਹਿੰਸਾ ਦਾ ਮਾਰਗ ਚੁਣਿਆ।

**ਪ੍ਰਸ਼ਨ (ੲ) ਮਹਾਤਮਾ ਗਾਂਧੀ ਜੀ ਨੇ ਬਚਪਨ ਵਿੱਚ ਕਿਹੜਾ ਨਾਟਕ ਦੇਖਿਆ ਸੀ ਤੇ ਉਹਨਾਂ ਦੇ ਮਨ ਉੱਤੇ ਉਸ ਨਾਟਕ ਦਾ ਕਿਹੋ ਜਿਹਾ ਪ੍ਰਭਾਵ ਪਿਆ ਸੀ ?**

ਉੱਤਰ– ਮਹਾਤਮਾ ਗਾਂਧੀ ਜੀ ਨੇ ਬਚਪਨ ਵਿੱਚ ਰਾਜਾ ਹਰੀਸ਼ਚੰਦਰ ਨਾਟਕ ਦੇਖਿਆ ਸੀ।ਇਸ ਨੂੰ ਦੇਖ ਕੇ ਉਹ ਸਚਾਈ ਨੂੰ ਰੱਬ ਮੰਨਣ ਲੱਗ ਪਏ।




**ਪ੍ਰਸ਼ਨ (ਸ) ਗਾਂਧੀ ਜੀ ਦੇ ਮਨ ਉੱਤੇ ਸਰਵਣ ਦੀ ਪਿਤਰੀ–ਭਗਤੀ ਦਾ ਕੀ ਅਸਰ ਹੋਇਆ ?**


ਉੱਤਰ– ਸਰਵਣ ਦੀ ਪਿਤਰੀ–ਭਗਤੀ ਤੋਂ ਪ੍ਰਭਾਵਿਤ ਹੋ ਕੇ ਉਹ ਮਾਤਾ–ਪਿਤਾ ਦੀ ਸੇਵਾ ਨੂੰ ਪਰਮ–ਧਰਮ ਮੰਨਣ ਲੱਗ ਪਏ।

**ਪ੍ਰਸ਼ਨ (ਹ) ਗਾਂਧੀ ਜੀ ਨੇ ਸਕੂਲ ਵਿੱਚ ਨਕਲ ਕਿਉਂ ਨਹੀਂ ਕੀਤੀ ?**

ਉੱਤਰ– ਗਾਂਧੀ ਜੀ ਨੇ ਸਕੂਲ ਵਿੱਚ ਨਕਲ ਇਸ ਲਈ ਨਹੀਂ ਕੀਤੀ ਕਿਉਂਕਿ ਉਹਨਾਂ ਦਾ ਵਿਚਾਰ ਸੀ ਕਿ ਨਕਲ ਕਰਕੇ ਅਸੀਂ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ।

**ਪ੍ਰਸ਼ਨ(ਕ) ਮਹਾਤਮਾਂ ਗਾਂਧੀ ਜੀ ਨੇ ਆਪਣੀ ਮਾਂ ਨੂੰ ਕਿਹੜਾ ਵਚਨ ਦਿੱਤਾ ਸੀ ?**

ਉੱਤਰ–ਮਹਾਤਮਾ ਗਾਂਧੀ ਜੀ ਨੇ ਆਪਣੀ ਮਾਂ ਨੂੰ ਵਚਨ ਦਿੱਤਾ ਸੀ ਕਿ ਉਹ ਕਦੇ ਵੀ ਮਾਸ ਅਤੇ ਸ਼ਰਾਬ ਦਾ ਸੇਵਨ ਨਹੀਂ ਕਰਨਗੇ।



**ਪ੍ਰਸ਼ਨ (ਖ) ਮਹਾਤਮਾਂ ਗਾਂਧੀ ਜੀ ਦੇ ਤਿੰਨ ਬਾਂਦਰ ਕੀ ਸਿੱਖਿਆ ਦਿੰਦੇ ਹਨ ?**

ਉੱਤਰ– ਮਹਾਤਮਾ ਗਾਂਧੀ ਜੀ ਦੇ ਤਿੰਨ ਬਾਂਦਰ ਬੁਰਾ ਨਾ ਬੋਲਣ,ਬੁਰਾ ਨਾ ਦੇਖਣ ਤੇ ਬੁਰਾ ਨਾ ਸੁਣਨ ਦੀ ਸਿੱਖਿਆ ਦਿੰਦੇ ਹਨ।

**ਪ੍ਰਸ਼ਨ 2. ਖ਼ਾਲੀ ਥਾਵਾਂ ਭਰੋ :**

(ੳ) ਗਾਂਧੀ ਜੀ ਦੇ ਵਿਚਾਰ ਬੜੇ __ਉੱਚੇ__ ਤੇ __ਸੁੱਚੇ__ ਸਨ।

(ਅ) ਉਹਨਾਂ ਦਾ ਵਿਸ਼ਵਾਸ ਸੀ ਕਿ ਸੱਚ ਹੀ __ਰੱਬ__ ਹੈ।

(ੲ) ਗਾਂਧੀ ਜੀ ਮਾਤਾ–ਪਿਤਾ ਦੀ ਸੇਵਾ ਨੂੰ ਪਰਮ __ਧਰਮ__ ਮੰਨਦੇ ਸਨ।

(ਸ) ਗਾਂਧੀ ਜੀ ਆਪਣੇ ਅਸੂਲਾਂ ਦੇ ਬੜੇ __ਪੱਕੇ__ ਸਨ।

(ਹ)ਗਾਂਧੀ ਜੀ ਨੇ ਦੇਸ਼ ਨੂੰ ਅਜ਼ਾਦ ਕਰਾਉਣ ਲਈ __ਅਹਿੰਸਾ__ ਦਾ ਮਾਰਗ ਚੁਣਿਆ।

**ਪ੍ਰਸ਼ਨ 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:**

1. ਅਹਿੰਸਾ – ਗਾਂਧੀ ਜੀ ਨੇ ਸਚਾਈ ਅਤੇ ਅਹਿੰਸਾ ਦਾ ਮਾਰਗ ਚੁਣਿਆ।
2. ਮੁਸੀਬਤ – ਸਾਨੂੰ ਮੁਸੀਬਤ ਸਮੇਂ ਹੌਂਸਲੇ ਤੋਂ ਕੰਮ ਲੈਣਾ ਚਾਹੀਦਾ ਹੈ।
3. ਗ਼ੁਲਾਮ – ਭਾਰਤ ਪਹਿਲਾਂ ਅੰਗਰੇਜ਼ਾਂ ਦਾ ਗ਼ੁਲਾਮ ਸੀ।
4. ਵਹਿੰਗੀ – ਸਰਵਣ ਨੇ ਆਪਣੇ ਮਾਤਾ ਲਈ ਇੱਕ ਵਹਿੰਗੀ ਬਣਵਾਈ।
5. ਸਹਿਪਾਠੀ – ਗੁਰਜੀਤ ਮੇਰਾ ਸਹਿਪਾਠੀ ਹੈ।
6. ਅਧਿਆਪਕ – ਸਾਡੇ ਸਕੂਲ ਵਿੱਚ ਪੰਜ ਅਧਿਆਪਕ ਹਨ।

ਤਿਆਰ ਕਰਤਾ:–

ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886–43700